# 6 ਸ੍ਵੈਜੀਵਨੀ ਅੰਸ਼ ' ਸਭ ਦਾ ਪਿਆਰਾ ਸਿੰਬਾ '

ੳ ਵਸਤੂਨਿਸ਼ਠ ਪ੍ਰਸ਼ਨ

1. ਪ੍ਰਸ਼ਨ: ਤੁਹਾਡੀ ਪੁਸਤਕ ਵਿੱਚ ਦਰਜ ਸਭ ਦਾ ਪਿਆਰਾ ਸਿੰਬਾ ਸ੍ਵੈਜੀਵਨੀ ਅੰਸ਼ ਦਾ ਲੇਖਕ ਕੌਣ ਹੈ ?

ਉੱਤਰ : ਖੁਸ਼ਵੰਤ ਸਿੰਘ ।

2. ਪ੍ਰਸ਼ਨ ਜਦੋਂ ਲੇਖਕ ਦਿੱਲੀ ਵਾਪਸ ਆਇਆ ਉਦੋਂ ਸਿੰਬਾ ਦੀ ਉਮਰ ਕਿੰਨੀ ਸੀ ?

ਉੱਤਰ : ਇੱਕ ਮਹੀਨਾ ।

ਸਹੀ/ਗ਼ਲਤ

3. ਪ੍ਰਸ਼ਨ: ਸਿੰਬਾ ਜਰਮਨ ਸ਼ੈਫਰਡ ਕੁੱਤਾ ਸੀ।

ਉੱਤਰ: ਸਹੀ ।

4. ਪ੍ਰਸ਼ਨ: ਲੇਖਕ ਦੀ ਬੇਟੀ ਨੇ ਸਿੰਘਾਂ ਨੂੰ ਦਿੱਲੀ ਤੋਂ ਖਰੀਦਿਆ ਸੀ ।

.ਉੱਤਰ : ਗ਼ਲਤ ।

ਖਾਲੀ ਸਥਾਨ ਭਰੋ :-

5. ਸਿੰਬਾ ਮਨੁੱਖਾਂ ਨੂੰ ਸਮਝਣ ਵਾਲਾ ਕੁੱਤਾ ਸੀ ਇਸੇ ਕਰਕੇ ਉਹ ਲੇਖਕ ਦੀਆਂ ਖੁਸ਼ੀਆਂ ਅਤੇ ਗ਼ਮੀਆਂ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੁੰਦਾ ਸੀ ।
6. ਪੈਰਿਸ ਵਿੱਚ ਰਹਿੰਦਿਆਂ ਲੇਖਕ ਨੇ ਸਿੰਬਾ ਨਾਂ ਦੀ ਬਿੱਲੀ ਰੱਖੀ ਹੋਈ ਸੀ ।
7. ਪ੍ਰਸ਼ਨ: ਲੇਖਕ ਦੇ ਰੋਕਣ ਦੇ ਬਾਵਜੂਦ ਸਿੰਬਲ ਮਾਰਨ ਤੋਂ ਨਹੀਂ ਸੀ ਹਟਦਾ ________

ਉੱਤਰ: ਗਲਹਿਰੀਆਂ ਨੂੰ ।

ਅ ਦੱਸੋ

1. ਪ੍ਰਸ਼ਨ: ਜਦੋਂ ਲੇਖਕ ਤੇ ਉਸ ਦਾ ਪਰਿਵਾਰ ਰੋਣ ਦਾ ਬਹਾਨਾ ਕਰਦੇ ਤਾਂ ਸਿੰਬਾ ਦੀ ਕੀ ਪ੍ਰਤੀਕਿਰਿਆ ਹੁੰਦੀ ਸੀ ?

ਉੱਤਰ :ਜਦੋਂ ਲੇਖਕ ਤੇ ਉਸ ਦਾ ਪਰਿਵਾਰ ਰੋਣ ਦਾ ਬਹਾਨਾ ਕਰਦੇ ਤਾਂ ਸਿੰਬਾ ਉਨ੍ਹਾਂ ਦੇ ਕੰਨਾਂ ਨੂੰ ਸੁੰਘਦਾ ਅਤੇ ਫਿਰ ਆਪ ਵੀ ਰੋਣ ਵਿੱਚ ਸ਼ਾਮਿਲ ਹੋ ਜਾਂਦਾ ।

2. ਪ੍ਰਸ਼ਨ: ਲੇਖਕ ਦੀ ਧੀ ਮਾਲਾ ਦੀ ਆਇਆ ਨਾਲ ਸਿੰਬਾ ਦਾ ਵਿਸ਼ੇਸ਼ ਰਿਸ਼ਤਾ ਸੀ ,ਦੱਸੋ ਕਿਵੇਂ ?

ਉੱਤਰ :ਲੇਖਕ ਦੀ ਧੀ ਮਾਲਾ ਦੀ ਆਇਆ ਪਜੱਤਰ ਕੁ ਸਾਲ ਦੀ ਬੁੱਢੀ ਮਾਈ ਸੀ। ਜੋ ਸਿੰਬਾ ਨੂੰ " ਵੇ ਸ਼ਾਂਬਿਆ!"ਕਹਿ ਕੇ ਬੁਲਾਉਂਦੀ। ਉਹ ਦਰਵਾਜ਼ਾ ਖੋਲ੍ਹ ਕੇ ਸਿੰਬਾ ਨੂੰ ਬਾਗ਼ ਵਿੱਚ ਹੱਗਣ -ਮੂਤਣ ਲਈ ਕੱਢ ਦਿੰਦੀ ਫਿਰ ਉਹ ਨੇੜੇ ਦੇ ਗੁਰਦੁਆਰੇ ਮੱਥਾ ਟੇਕਣ ਜਾਂਦੀ। ਜਦੋਂ ਉਹ ਗੁਰਦੁਆਰੇ ਦੇ ਅੰਦਰ ਮੱਥਾ ਟੇਕਣ ਗਈ ਹੁੰਦੀ ਤਾਂ ਸਿੰਬਾ ਬਾਹਰ ਬੈਠਾ ਉਸ ਦੀਆਂ ਜੁੱਤੀਆਂ ਦੀ ਰਾਖੀ ਕਰਦਾ। ਜਦੋਂ ਕੀਰਤਨ ਖਤਮ ਹੋਣ ਲੱਗਦਾ ਤਾਂ ਸਿੰਬਾ ਮਾਈ ਦੀਆਂ ਜੁੱਤੀਆਂ ਦਾ ਇੱਕ ਪੈਰ ਮੂੰਹ ਵਿੱਚ ਫੜ੍ਹ ਕੇ ਘਰ ਭੱਜਦਾ ਤੇ ਉਹਨੂੰ ਮੰਜੇ ਹੇਠਾਂ ਲੁਕੋ ਦਿੰਦਾ। ਮਾਈ ਰੌਲਾ ਪਾਉਂਦੀ ਪਿੱਛੇ ਭੱਜੀ ਆਉਂਦੀ ਜਿੰਨੀ ਦੇਰ ਉਹ ਆਪਣੀ ਗੁੰਮ ਹੋਈ ਜੁੱਤੀ ਲੱਭਦੀ ਰਹਿੰਦੀ ਸਿੰਬਾ ਵੀ ਮਗਰ ਮਗਰ ਕਮਰਿਆਂ ਵਿੱਚ ਤੁਰਿਆ- ਫਿਰਦਾ ਰਹਿੰਦਾ ।

3. ਪ੍ਰਸ਼ਨ :ਸਿੰਬਾ ਲੇਖਕ ਨੂੰ ਸ਼ਾਮ ਦੀ ਸੈਰ ਉੱਤੇ ਲਿਜਾਣ ਲਈ ਕਹਿਣ ਸਮੇਂ ਕਿਹੋ- ਜਿਹੀਆਂ ਹਰਕਤਾਂ ਕਰਦਾ ਸੀ ?

ਉੱਤਰ :ਸਿੰਬਾ ਸ਼ਾਮ ਨੂੰ ਆਪਣਾ ਸਿਰ ਲੇਖਕ ਦੀ ਗੋਦੀ ਵਿੱਚ ਰੱਖ ਦਿੰਦਾ। ਜਦੋਂ ਲੇਖਕ ਕਹਿੰਦਾ " ਹਾਲੇ ਨਹੀਂ " ਤਾਂ ਉਹ ਆਪਣੀ ਸੰਗਲੀ ਲਿਆ ਕੇ ਲੇਖਕ ਦੇ ਪੈਰਾਂ ਵਿੱਚ ਰੱਖ ਦਿੰਦਾ ।ਜਦੋਂ ਲੇਖਕ ਉਸ ਨੂੰ ਕਾਹਲ਼ਾ ਨਾ ਪੈਣ ਬਾਰੇ ਕਹਿੰਦਾ ਤਾਂ ਤਾਂ ਉਹ ਲੇਖਕ ਦੀ ਸੋਟੀ ਲਿਆ ਕੇ ਜਿਹੜੀ ਕਿਤਾਬ ਉਹ ਪੜ੍ਹ ਰਿਹਾ ਹੁੰਦਾ, ਉਸ ਉੱਪਰ ਸੁੱਟ ਦਿੰਦਾ। ਫਿਰ ਲੇਖਕ ਕੋਲ ਕੋਈ ਚਾਰਾ ਨਾ ਹੁੰਦਾ ਤੇ ਉਹ ਸਿੰਬਾ ਨੂੰ ਸੈਰ ਉੱਤੇ ਲੈ ਜਾਂਦਾ ।

4. ਪ੍ਰਸ਼ਨ :ਲੋਕ ਸਿੰਬਾ ਤੋਂ ਕਿਉਂ ਡਰਦੇ ਸਨ ?

ਉੱਤਰ :ਲੋਕ ਸਿੰਬਾ ਤੋਂ ਬਹੁਤ ਡਰਦੇ ਸਨ ਇੱਕ ਵਾਰ ਲੇਖਕ ਆਪਣੀ ਪਤਨੀ ਤੇ ਬੱਚਿਆਂ ਨਾਲ ਲੋਧੀ ਗਾਰਡਨ ਜਾ ਰਿਹਾ ਸੀ ਤਾਂ ਇੱਕ ਸਾਈਕਲ ਸਵਾਰ ਨੇ ਲੇਖਕ ਦੀ ਬੇਟੀ ਦੀ ਪਿੱਠ ਤੇ ਹੱਥ ਮਾਰਿਆ ਤੇ ਤੇਜ਼ ਰਫ਼ਤਾਰ ਚਲਾ ਗਿਆ। ਲੇਖਕ ਦੀ ਪਤਨੀ ਚਿੱਲਾਈ ਤੇ ਕਿਹਾ," ਸਿੰਬਾ! ਫੜ ਉਹਨੂੰ!" ਸਿੰਬਾ ਨੇ ਪਿੱਛਾ ਕਰਕੇ ਉਸ ਆਦਮੀ ਨੂੰ ਸਾਈਕਲ ਤੋਂ ਹੇਠਾਂ ਸੁੱਟ ਲਿਆ ਤੇ ਦੰਦ ਕੱਢ ਕੇ ਡਰਾਉਂਦਾ ਉਸ ਦੇ ਉੱਪਰ ਖੜ੍ਹਾ ਹੋ ਗਿਆ। ਉਹ ਆਦਮੀ ਆਪਣੇ ਹੱਥ ਜੋੜ ਕੇ ਮੁਆਫ਼ੀ ਮੰਗ ਰਿਹਾ ਸੀ।

ਇੱਕ ਵਾਰ ਲੇਖਕ ਖਾਣਾ ਖਾਣ ਤੋਂ ਬਾਅਦ ਆਪਣੇ ਫਲੈਟ ਚੋਂ ਬਾਹਰ ਨਿਕਲਿਆ ਤਾਂ ਉਸ ਨੇ ਕਿਸੇ ਕੁੜੀ ਦੀ ਮਦਦ ਲਈ ਪੁਕਾਰ ਸੁਣੀ ।ਦੋ ਮੁੰਡੇ ਉਸ ਕੁੜੀ ਨਾਲ ਛੇੜਖਾਨੀ ਕਰ ਰਹੇ ਸਨ। ਲੇਖਕ ਤੇ ਸਿੰਬਾ ਨੂੰ ਦੇਖ ਕੇ ਉਹ ਮੁੰਡੇ ਦੌੜ ਗਏ। ਲੇਖਕ ਨੇ ਸਿੰਬਾ ਨੂੰ ਕਿਹਾ ਕਿ ਉਹ ਬਦਮਾਸ਼ਾਂ ਨੂੰ ਫੜੇ ਸਿੰਬਾ ਨੇ ਦੌੜ ਕੇ ਇੱਕ ਬੰਦੇ ਨੂੰ ਜ਼ਮੀਨ ਉੱਤੇ ਸੁੱਟ ਲਿਆ। ਜੋ ਕਾਫੀ ਵੱਡਾ ਤੇ ਸ਼ਕਤੀਸ਼ਾਲੀ ਸੀ। ਸਿੰਬਾ ਦੇ ਨਾਲ ਹੋਣ ਕਰਕੇ ਲੇਖਕ ਨੇ ਉਸ ਆਦਮੀ ਦੇ ਬੇ ਝਿਜਕ ਚਪੇੜਾਂ ਮਾਰੀਆਂ ਤੇ ਗੁੰਡਾ ਬਦਮਾਸ਼ ਕਹਿ ਕੇ ਗਾਲਾਂ ਵੀ ਕੱਢੀਆਂ। ਉਸ ਆਦਮੀ ਨੇ ਮਾਫ਼ੀ ਮੰਗੀ ਤੇ ਮੁੜ ਕਿਸੇ ਔਰਤ ਨੂੰ ਨਾ ਛੇੜਨ ਦੀ ਸਹੁੰ ਵੀ ਖਾਧੀ ।

5. ਪ੍ਰਸ਼ਨ :ਲੇਖਕ ਸਿੰਬਾ ਨੂੰ ਆਪਣਾ ਸਭ ਤੋਂ ਵਧੀਆ ਦੋਸਤ ਕਿਉਂ ਕਹਿੰਦਾ ਹੈ ?

ਉੱਤਰ :ਲੇਖਕ ਸਿੰਬਾ ਨੂੰ ਆਪਣਾ ਸਭ ਤੋਂ ਵਧੀਆ ਦੋਸਤ ਇਸ ਲਈ ਮੰਨਦਾ ਹੈ ਕਿਉਂਕਿ ਜਦੋਂ ਲੇਖਕ ਦਿੱਲੀ ਆਪਣੇ ਘਰ ਪਰਤਦਾ ਹੈ ਤਾਂ ਸਿੰਬਾ ਇੱਕ ਮਹੀਨੇ ਦੀ ਉਮਰ ਦਾ ਅਲਸੇਸ਼ਨ ਕਤੂਰਾ ਸੀ ।ਪਹਿਲਾਂ ਪਹਿਲ ਤਾਂ ਉਹ ਲੇਖਕ ਨੂੰ ਬਾਹਰਲਾ ਬੰਦਾ ਹੀ ਸਮਝਦਾ ਰਿਹਾ। ਪਰ ਬਾਅਦ ਵਿੱਚ ਉਹ ਸਿਰਫ਼ ਲੇਖਕ ਦਾ ਹੁਕਮ ਮੰਨਦਾ ਸੀ। ਲੇਖਕ ਹੀ ਉਸ ਦਾ ਨਾਮ ਸਿੰਬਾ ਰੱਖਦਾ ਹੈ। ਲੇਖਕ ਅਨੁਸਾਰ ਉਹ ਮਨੁੱਖਾਂ ਨੂੰ ਸਮਝਣ ਵਾਲਾ ਕੁੱਤਾ ਸੀ ਤੇ ਉਹ ਲੇਖਕ ਦੇ ਘਰ ਦੀਆਂ ਖੁਸ਼ੀਆਂ ਅਤੇ ਗ਼ਮੀਆਂ

ਵਿੱਚ ਪੂਰੀ ਤਰ੍ਹਾਂ ਸ਼ਾਮਿਲ ਹੁੰਦਾ ਸੀ। ਲੇਖਕ ਨਾਲ ਉਸ ਦਾ ਬਹੁਤ ਜ਼ਿਆਦਾ ਪਿਆਰ ਸੀ ।ਲੇਖਕ ਦੱਸਦਾ ਹੈ ਕਿ ਸਿੰਬੇ ਵਿੱਚ ਛੇਵੀਂ ਸੂਝ ਦੇ ਨਾਲ ਨਾਲ ਸੱਤਵੀਂ ਅਤੇ ਅੱਠਵੀਂ ਸੂਝ ਵੀ ਸੀ। ਜਦੋਂ ਉਹ ਤੇਰਾਂ ਸਾਲ ਦੀ ਉਮਰ ਤੋਂ ਵੱਧ ਹੋ ਗਿਆ ਤਾਂ ਲਗਭਗ ਰੋਜ਼ ਹੀ ਉਸ ਨੂੰ ਡਾਕਟਰ ਕੋਲ ਲਿਜਾਣਾ ਪੈਂਦਾ ਸੀ ।ਲੇਖਕ ਦੱਸਦਾ ਹੈ ਕਿ ਸਿੰਬੇ ਦੀ ਮੌਤ ਤੋਂ ਬਾਅਦ ਉਨ੍ਹਾਂ ਨੇ ਕੋਈ ਹੋਰ ਕੁੱਤਾ ਨਹੀਂ ਰੱਖਿਆ, ਕਿਉਂਕਿ ਲੇਖਕ ਸਿੰਬਾ ਨੂੰ ਆਪਣਾ ਦੋਸਤ ਮੰਨਦਾ ਸੀ ਤੇ ਲੇਖਕ ਅਨੁਸਾਰ ਦੋਸਤ ਬਦਲੇ ਨਹੀਂ ਜਾਂਦੇ ।

6. ਪ੍ਰਸ਼ਨ ਸਿੰਬਾ ਦੀ ਜ਼ਿੰਦਗੀ ਦੇ ਅੰਤਲੇ ਦਿਨਾਂ ਬਾਰੇ ਇੱਕ ਨੋਟ ਲਿਖੋ ।

ਉੱਤਰ :ਜਦੋਂ ਸਿੰਬਾ ਤੇਰਾਂ ਸਾਲ ਤੋਂ ਵੱਧ ਉਮਰ ਦਾ ਹੋ ਗਿਆ ਤਾਂ ਉਸ ਦੇ ਮੂੰਹ ਦੁਆਲੇ ਦੇ ਵਾਲ ਚਿੱਟੇ ਹੋ ਗਏ ਉਸ ਦੀਆਂ ਅੱਖਾਂ ਵਿਚ ਮੋਤੀਆ ਉੱਤਰ ਆਇਆ। ਕਦੇ- ਕਦੇ ਉਸ ਨੂੰ ਬੁਖ਼ਾਰ ਹੋਣ ਲੱਗਦਾ। ਲੇਖਕ ਦੀ ਪਤਨੀ ਸਾਰੀ ਰਾਤ ਉਸ ਦਾ ਸਿਰ ਗੋਦੀ ਵਿੱਚ ਰੱਖ ਕੇ ਬੈਠੀ ਰਹਿੰਦੀ। ਜਦੋਂ ਲੇਖਕ ਤਿੰਨ ਮਹੀਨਿਆਂ ਲਈ ਸੁਆਰ ਮੋਰ ਕਾਲਜ ਪੜ੍ਹਾਉਣ ਗਿਆ ਤਾਂ ਉਹ ਸਿੰਬੇ ਨੂੰ ਆਪਣੀ ਧੀ ਮਾਲਾ ਕੋਲ ਛੱਡ ਗਿਆ ।ਜੋ ਉਸ ਨੂੰ ਹਰ ਰੋਜ਼ .ਡਾਕਟਰ ਕੋਲ ਲੈ ਕੇ ਜਾਂਦੀ ਪਰ ਸਿੰਬੇ ਦੀ ਸਿਹਤ ਵਿੱਚ ਕੋਈ ਸੁਧਾਰ ਨਹੀਂ ਸੀ ਹੋ ਰਿਹਾ। ਉਸ ਦੀਆਂ ਲੱਤਾਂ ਕਮਜ਼ੋਰ ਹੋਣ ਲੱਗੀਆਂ। ਮਾਲਾ ਨੇ ਲੇਖਕ ਨੂੰ ਸਿੰਬਾ ਦੇ ਬਿਮਾਰ ਹੋਣ ਦੀ ਤਾਰ ਭੇਜੀ। ਅਗਲੇ ਹੀ ਦਿਨ ਲੇਖਕ ਨੂੰ ਦੂਸਰੀ ਤਾਰ ਸਿੰਬਾ ਦੇ ਚੱਲ ਵੱਸਣ ਬਾਰੇ ਮਿਲੀ। ਲੇਖਕ ਨੂੰ ਲੱਗਦਾ ਕਿ ਜਾਨਵਰਾਂ ਦੇ ਡਾਕਟਰ ਨੇ ਮਾਲਾ ਦੀ ਸਲਾਹ ਨਾਲ ਸਿੰਬਾ ਨੂੰ ਜ਼ਹਿਰੀਲਾ ਟੀਕਾ ਲਾ ਦਿੱਤਾ ਤਾਂ ਜੋ ਉਸ ਨੂੰ ਦਰਦਾਂ ਤੋਂ ਛੁਟਕਾਰਾ ਮਿਲ ਸਕੇ ਤੇ ਉਸ ਦੀ ਸ਼ਾਂਤੀ ਨਾਲ ਮੌਤ ਹੋ ਗਈ ਸੀ ।

7. ਪ੍ਰਸ਼ਨ :"ਬਹੁਤ ਸਾਰੇ ਕੁੱਤਿਆਂ ਵਿੱਚ ਛੇਵੀਂ ਸੂਝ ਹੁੰਦੀ ਹੈ ।ਸਾਡੇ ਸਿੰਬੇ ਵਿੱਚ ਸੱਤਵੀਂ ਅਤੇ ਅੱਠਵੀਂ ਵੀ ਸੀ ।"ਇਹ ਕਥਨ ਸਾਬਤ ਕਰਨ ਲਈ ਲੇਖਕ ਨੇ ਕਿਹੜੀ ਘਟਨਾ ਦਾ ਜ਼ਿਕਰ ਕੀਤਾ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ

ਉੱਤਰ :ਇਹ ਕਥਨ ਸਾਬਤ ਕਰਨ ਲਈ ਲੇਖਕ ਨੇ ਦੱਸਿਆ ਹੈ ਕਿ ਇੱਕ ਵਾਰ ਲੇਖਕ ਤੇ ਉਸ ਦੀ ਪਤਨੀ ਨੇ ਕੁਝ ਮਹੀਨਿਆਂ ਲਈ ਬਾਹਰ ਜਾਣਾ ਸੀ। ਘਰ ਕੋਈ ਵੀ ਨਹੀਂ ਸੀ, ਜਿਸ ਕਰਕੇ ਸਿੰਬਾ ਨੂੰ ਲੇਖਕ ਦੇ ਦੋਸਤ ਪ੍ਰੇਮ ਕਿਰਪਾਲ ਜੋ ਇੱਕ ਸੀਨੀਅਰ ਅਧਿਕਾਰੀ ਸੀ ਕੋਲ ਛੱਡਿਆ ਜਾਣਾ ਸੀ। ਜੋ ਸਿੰਬਾ ਨੂੰ ਰੱਖਣ ਲਈ ਤਿਆਰ ਸੀ ,ਪਰ ਸਿੰਬਾ ਨੂੰ ਇਹ ਗੱਲ ਬਹੁਤੀ ਪਸੰਦ ਨਹੀਂ ਸੀ ਆਈ। ਲੇਖਕ ਦੀ ਪਤਨੀ ਕੁਝ ਦਿਨ ਪਹਿਲਾਂ ਵਾਪਸ ਪਰਤ ਆਈ ਤੇ ਉਹ ਸਿੰਬਾ ਨੂੰ ਲੈਣ ਗਈ ।ਸਿੰਬਾ ਉਸ ਨੂੰ ਮਿਲ ਕੇ ਖੁਸ਼ ਤਾਂ ਹੋਇਆ ਪਰ ਨਾਲ ਨਹੀਂ ਪਰਤਿਆ। ਪਰ ਸ਼ਾਇਦ ਸਿੰਬਾ ਨੇ ਲੇਖਕ ਦੀ ਪਤਨੀ ਤੇ ਦੋਸਤ ਦੀਆਂ ਗੱਲਾਂ ਤੋਂ ਲੇਖਕ ਦੇ ਆਉਣ ਦੀ ਤਰੀਕ ਸੁਣ ਲਈ ਸੀ। ਜਿਸ ਕਰਕੇ ਉਹ ਲੇਖਕ ਦੇ ਪਰਤਣ ਤੋਂ ਇਕ ਦਿਨ ਪਹਿਲਾਂ ਸ਼ਾਮ ਨੂੰ ਕੈਨਿੰਗ ਲੇਨ ਤੋਂ ਪੈਦਲ ਤੁਰ ਕੇ ਸੁਜਾਨ ਸਿੰਘ ਪਾਰਕ ਪਹੁੰਚ ਗਿਆ । ਉਸ ਨੂੰ ਪਤਾ ਸੀ ਕਿ ਅਗਲੀ ਸਵੇਰ ਲੇਖਕ ਆ ਰਿਹਾ ਹੈ ।

ਤਿਆਰ ਕਰਤਾ: ਰਾਜਵਿੰਦਰ ਕੌਰ

ਪੰਜਾਬੀ ਲੈਕਚਰਾਰ ਸਰਦਾਰ ਦਰਬਾਰਾ ਸਿੰਘ ਮੈਮੋਰੀਅਲ ਗੌਰਮਿੰਟ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਮਲਸੀਆਂ ।

ਬਲਜਿੰਦਰ ਕੌਰ

ਪੰਜਾਬੀ ਮਿਸਟਰੈਸ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੰਡਾਲਾ ਜਿਲ੍ਹਾ ਜਲੰਧਰ।

ਸਹਾਇਕ ਸਮੱਗਰੀ: ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ ਪੁਸਤਕ " ਆਪ- ਬੀਤੀਆਂ "।